**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਪੰਜਾਬ

ਮੀਮੋ ਨੰ: ਡਿ.ਐਸ.ਪੀ.ਡੀ/ਰਮਸਅ/2010/R055637
ਮਿਤੀ, ਚੰਡੀਗੜ੍ਹ: 07-12-2010

**ਵਿਸ਼ਾ:-** **ਵੈੱਬਸਾਈਟ ਤੇ ਪਏ ਗਏ ਪੱਤਰਾਂ ਨੂੰ ਰੋਜ਼ਾਨਾ ਡਾਊਨਲੋਡ ਕਰਨ ਅਤੇ ਲੋੜੀਂਦੀ ਕਾਰਵਾਈ ਕਰਨ ਬਾਰੇ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਇਸ ਦਫਤਰ ਦੁਆਰਾ ਜਾਰੀ ਹਦਾਇਤਾਂ ਮੁਤਾਬਕ ਅਜੇ ਵੀ ਜੋ ਪੱਤਰ ਮੁੱਖ ਦਫਤਰ ਦੀ ਵੈੱਬਸਾਈਟ www.ssapunjab.org ਤੇ ਦਰਜ ਕੀਤੇ ਗਏ ਹਨ, ਉਹ ਡਾਊਨ ਲੋਡ ਨਹੀਂ ਕੀਤੇ ਜਾਂਦੇ।ਜਦੋਂ ਕਿ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਰੋਜ਼ਾਨਾ ਪੱਤਰ ਡਾਊਨ ਲੋਡ ਕਰਨ ਉਪਰੰਤ ਉਹਨਾਂ ਤੇ ਕਾਰਵਾਈ ਕਰਨੀ ਹੁੰਦੀ ਹੈ। ਪਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਜਿਲ੍ਹਾ ਸਿੱਖਿਆ ਅਫਸਰਾਂ ਦੁਆਰਾ ਮੁੱਖ ਦਫਤਰ ਵੱਲੋਂ ਕੀਤੀਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕਈ ਥਾਵਾਂ ਤੇ ਇਹਨਾਂ ਪੱਤਰਾਂ ਨੂੰ ਡਾਊਨ ਲੋਡ ਕਰਨ ਉਪਰੰਤ ਕਿਸੇ ਵੀ ਰਜਿਸਟਰ ਵਿੱਚ ਦਰਜ ਨਹੀਂ ਕੀਤਾ ਜਾਂਦਾ ਅਤੇ ਕਈ ਕਈ ਦਿਨ ਵੈੱਬਸਾਈਟ ਤੇ ਪਾਏ ਪੱਤਰਾਂ ਨੂੰ ਡਾਊਨ ਲੋਡ ਨਹੀਂ ਕੀਤਾ ਜਾਂਦਾ। ਸਾਰੇ ਮੁੱਦਿਆਂ ਨੂੰ ਵਿਚਾਰਨ ਉਪਰੰਤ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹੇਠ ਲਿਖਤ ਅਨੁਸਾਰ ਮੁੜ ਹਦਾਇਤਾਂ ਕੀਤੀਆਂ ਜਾਂਦੀਆਂ ਹਨ:-

ੳ. ਦਫਤਰ ਵਿੱਚ ਇੱਕ ਮੁਲਾਜ਼ਮ ਦੀ ਡਿਊਟੀ ਰੋਜ਼ਾਨਾ ਵੈੱਬਸਾਈਟ ਤੇ ਪਾਏ ਗਏ ਪੱਤਰ ਡਾਊਨ ਲੋਡ ਕਰਨ ਤੇ ਲਗਾਈ ਜਾਵੇ ਅਤੇ ਹਿਹ ਕਰਮਚਾਰੀ ਵਿਭਾਗ ਦੀ ਵੈੱਬਸਾਈਟ ਨੂੰ ਦਿਨ ਵਿੱਚ ਦੋ ਵਾਰੀ ਖੋਲੇਗਾ ਅਤੇ ਸਬੰਧਤ ਪੱਤਰਾਂ ਨੂੰ ਡਾਊਨ ਲੋਡ ਕਰਨ ਉਪਰੰਤ ਜਿਲ੍ਹਾ ਸਿੱਖਿਆ ਅਫਸਰ ਕੋਲ ਪੇਸ਼ ਕਰੇਗਾ।

ਅ. ਅ. ਇਹਨਾਂ ਸਾਰੇ ਪੱਤਰਾਂ ਦੀ ਡਾਕ ਰਜਿਸਟਰ ਵਿੱਚ ਐਂਟਰੀ ਕੀਤੀ ਜਾਵੇ ਅਤੇ ਮੁੜ ਲੋੜੀਂਦੀ ਕਾਰਵਾਈ ਵੀ ਕੀਤੀ ਜਾਵੇ।

ੲ. ਮਹੀਨੇ ਦੇ ਅੰਤ ਵਿੱਚ ਇਹਨਾਂ ਸਾਰੇ ਪੱਤਰਾਂ ਤੇ ਕੀਤੀ ਗਈ ਕਾਰਵਾਈ ਬਾਰੇ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਆਪਣੇ ਦਫਤਰ ਵਿੱਚ ਰਿਵਿਊ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ:ਡਿ.ਐਸ.ਪੀ.ਡੀ/ਰਮਸਅ/2010/R055638** ਮਿਤੀ,ਚੰਡੀਗੜ੍ਹ: 07-12-2010

ਉਤਾਰਾ ਸਮੂਹ ਮੰਡਲ ਸਿੱਖਿਆ ਅਫਸਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**